# ਤਪਦਿਕ ਦਾ ਰੋਕਥਾਮ ਨਾਲ ਇਲਾਜ Preventive Treatment for Tuberculosis

ਤੁਹਾਡੀ ਚਮੜੀ ਦੇ ਤਪਦਿਕ ਦੇ ਟੈਸਟ ਤੋਂ ਪਤਾ ਲਗਦਾ ਹੈ ਕਿ ਤੁਹਾਡੇ ਸਰੀਰ ਵਿਚ ਤਪਦਿਕ ਦਾ ਕੀਟਾਣੂੰ ਹੈ। **ਪਰ ਤੁਹਾਡੀ ਤਪਦਿਕ ਦੀ ਬੀਮਾਰੀ ਐਕਟਿਵ ਜਾਂ ਪੂਰੀ ਚਾਲੂ ਨਹੀਂ ਹੋਈ। ਤੁਹਾਥੋਂ ਲਾਗ ਨਹੀਂ ਲੱਗ ਸਕਦੀ।** ਇਸ ਕਰਕੇ ਤੁਸੀਂ ਚਿੰਤਾ ਨਾ ਕਰੋ ਕਿ ਤੁਹਾਡੀ ਤਪਦਿਕ ਦਾ ਕੀਟਾਣੂੰ ਕਿਸੇ ਹੋਰ ਨੂੰ ਲੱਗ ਜਾਵੇਗਾ।

ਤੁਹਾਡੇ ਸਰੀਰ ਵਿਚੋਂ ਤਪਦਿਕ ਦਾ ਕੀਟਾਣੂੰ ਮਾਰਨ ਲਈ ਅਤੇ ਭਵਿੱਖ ਵਿਚ ਇਸ ਤੋਂ ਹੋਣ ਵਾਲੀ ਕਿਰਿਆਸ਼ੀਲ (ਐਕਟਿਵ) ਤਪਦਿਕ ਨੂੰ ਰੋਕਣ ਲਈ ਜ਼ਰੂਰੀ ਹੈ ਕਿ ਤੁਸੀਂ ਨੌਂ (9) ਮਹੀਨੇ ਤਕ ਹਰ ਰੋਜ਼ **ਆਈਸੋਨਾਯਾਜ਼ਿਡ** (ISONIAZID) ਲਵੋ। **ਆਈਸੋਨਾਯਾਜ਼ਿਡ (ਆਈ.ਐਨ.ਐਚ)** ਤਪਦਿਕ ਦਾ ਕੀਟਾਣੂੰ ਮਾਰਨ ਲਈ ਬਹੁਤ ਚੰਗੀ ਐਂਟੀਬਾਇਆਟਿਕ ਹੈ।

**ਪਿਰਿਡਾਕਸਿਨ** (PYRIDOXINE) **ਵਿਟਾਮਨ ਬੀ$_6$** ($B_6$) ਦਾ ਰਸਾਇਣਕ ਨਮ ਹੈ। **ਪਿਰਿਡਾਕਸਿਨ (ਵਿਟਾਮਨ ਬੀ$_6$)** ਤੁਹਾਡੇ ਹੱਥਾਂ ਜਾਂ ਪੈਰਾਂ ਦੀ ਉਸ ਸੁੰਨ ਅਤੇ ਝਰਨਾਹਟ ਨੂੰ ਦੂਰ ਕਰਦੀ ਹੈ ਜਿਹੜੀ ਕਦੇ ਕਦੇ ਆਈਸੋਨਾਯਾਜ਼ਿਡ ਲੈਣ ਨਾਲ ਹੋ ਜਾਂਦੀ ਹੈ

## ਮੈਨੂੰ ਆਈਸੋਨਾਯਾਜ਼ਿਡ ਅਤੇ ਪਿਰਿਡਾਕਸਿਨ (ਵਿਟਾਮਨ ਬੀ$_6$) ਕਿਵੇਂ ਲੈਣੇ ਚਾਹੀਦੇ ਹਨ?

- **ਆਈਸੋਨਾਯਾਜ਼ਿਡ** ਅਤੇ **ਪਿਰਿਡਾਕਸਿਨ (ਵਿਟਾਮਨ ਬੀ$_6$)** ਦੋਵੇਂ ਇਕੱਠੇ ਹਰ ਰੋਜ਼ ਉਸੇ ਵੇਲੇ ਖਾਲੀ ਪੇਟ ਲਵੋ (ਖਾਣਾ ਖਾਣ ਤੋਂ ਇਕ ਘੰਟਾ ਪਹਿਲਾਂ ਜਾਂ ਦੋ ਤੋਂ ਤਿੰਨ ਘੰਟੇ ਪਿੱਛੋਂ)।
- ਇਹ ਜ਼ਰੂਰੀ ਹੈ ਕਿ ਡਾਕਟਰ ਦੇ ਦੱਸੇ ਅਨੁਸਾਰ **ਆਈਸੋਨਾਯਾਜ਼ਿਡ** ਤੇ **ਪਿਰਿਡਾਕਸਿਨ (ਵਿਟਾਮਨ ਬੀ$_6$)** ਹਰ ਰੋਜ਼ ਲਵੋ।
- ਜੇ ਦੁਆਈ ਲੈਣੀ ਭੁੱਲ ਜਾਵੋਂ ਤਾਂ ਜਦੋਂ ਵੀ ਯਾਦ ਆਵੇ ਝਟਪਟ ਲੈ ਲਵੋ। ਪਰ ਜੇ ਉਸ ਵੇਲੇ ਤਕ ਅਗਲੇ ਦਿਨ ਦੀ ਖੁਰਾਕ ਦਾ ਵਕਤ ਤਕਰੀਬਨ ਹੋ ਗਿਆ ਹੈ ਤਾਂ ਭੁੱਲੀ ਹੋਈ ਖੁਰਾਕ ਨਾ ਲਵੋ। **ਦੁਗਣੀ ਖੁਰਾਕ ਨਾ ਲਵੋ।**

## ਕੀ ਆਈਸੋਨਾਯਾਜ਼ਿਡ ਅਤੇ ਪਿਰਿਡਾਕਸਿਨ (ਵਿਟਾਮਨ ਬੀ$_6$) ਦੂਜੀਆਂ ਦੁਆਈਆਂ ਤੇ ਪਰਸਪਰ ਅਸਰ ਪਾਉਂਦੀਆਂ ਹਨ?

- ਸ਼ਰਾਬ ਤੋਂ ਪਰਹੇਜ਼ ਕਰੋ ਜਾਂ ਥੋੜ੍ਹੀ ਪੀਓ।
- ਜੇ ਤੁਹਾਨੂੰ ਮਿਹਦੇ ਦੇ ਦਰਦ ਜਾਂ ਜਲਣ ਲਈ ਐਂਟਐਸਿਡ ਲੈਣ ਦੀ ਲੋੜ ਪੈਂਦੀ ਹੈ ਤਾਂ ਉਹਨੂੰ **ਆਈਸੋਨਾਯਾਜ਼ਿਡ** ਨਾਲੋਂ ਦੋ ਘੰਟੇ ਦੇ ਵਕਫ਼ੇ ਨਾਲ ਲਓ।
- ਜੇ ਤੁਸੀਂ ਕੋਈ ਹੋਰ ਦੁਆਈਆਂ ਲੈ ਰਹੇ ਹੋ ਤਾਂ ਆਪਣੇ ਡਾਕਟਰ, ਨਰਸ ਜਾਂ ਫ਼ਾਰਮਸਿਸਟ ਨੂੰ ਦੱਸ ਦਿਓ। ਭਾਵੇਂ ਉਹ ਦੁਆਈਆਂ ਡਾਕਟਰ ਦੀਆਂ ਦੱਸੀਆਂ ਨਾ ਹੋਣ (ਨਾਨ-ਪ੍ਰੈਸਕ੍ਰਿਪਸ਼ਨ)।
- **ਆਈਸੋਨਾਯਾਜ਼ਿਡ** ਤੇ ਸੰਤਾਨ-ਸੰਜਮ ਦੀ ਗੋਲੀ (ਬਰਥ ਕੰਟਰੋਲ ਪਿੱਲ) ਦਾ ਇਕ ਦੂਜੀ ਤੇ ਅਸਰ ਨਾ ਹੋਣ ਦੇ ਬਰਾਬਰ ਹੈ। ਫੇਰ ਵੀ ਜੇ ਤੁਹਾਡੀ ਸੰਤਾਨ ਸੰਜਮ ਦੀ ਇਕ ਗੋਲੀ ਵਿਚ ਏਥੀਨਲ ਇਸਟ੍ਰੇਡੀਅਲ ਦੀ ਮਿਕਦਾਰ $\leq 35\ \mu g$ ਹੈ ਤਾਂ **ਤੁਸੀਂ ਗਰਭ ਰੋਕਣ ਲਈ ਕੋਈ ਹੋਰ ਤਰੀਕੇ (ਜਿਵੇਂ ਨਿਰੋਧ ਆਦਿ) ਦੀ ਵਰਤੋਂ ਕਰੋ।**

## ਆਈਸੋਨਾਯਾਜ਼ਿਡ ਦੇ ਕੁਝ ਸੰਭਵ ਗੌਣ ਪ੍ਰਭਾਵ (ਸਾਈਡ ਇਫੈਕਟਸ) ਕੀ ਹਨ?

ਬਹੁਤੇ ਲੋਕ **ਆਈਸੋਨਾਯਾਜ਼ਿਡ** ਦੇ ਕੋਈ ਗੌਣ ਅਸਰ ਨਹੀਂ ਮਹਿਸੂਸ ਕਰਦੇ।

- ਜੇ **ਆਈਸੋਨਾਯਾਜ਼ਿਡ** ਤੁਹਾਨੂੰ ਉਸ ਵੇਲੇ ਤੰਗ ਕਰਦੀ ਹੈ ਜਦੋਂ ਤੁਸੀ ਇਸਨੂੰ ਖਾਲੀ ਪੇਟ ਲੈਂਦੇ ਹੋ ਤਾਂ **ਆਈਸੋਨਾਯਾਜ਼ਿਡ** ਨੂੰ ਬ੍ਰੈਡ ਦੇ ਟੁਕੜੇ ਨਾਲ ਜਾਂ ਕੁਝ ਕ੍ਰੈਕਰਾਂ ਨਾਲ ਲੈਣ ਦੀ ਕੋਸ਼ਿਸ਼ ਕਰੋ। ਇਸ ਤਰ੍ਹਾਂ ਸ਼ਾਇਦ ਤੁਹਾਡਾ ਪੇਟ ਠੀਕ ਮਹਿਸੂਸ ਕਰੇ।

## ਜੇ ਤੁਸੀ ਹੇਠ ਲਿਖੀਆਂ ਅਲਾਮਤਾਂ ਮਹਿਸੂਸ ਕਰਦੇ ਹੋ ਤਾਂ ਆਈਸੋਨਾਯਾਜ਼ਿਡ ਬੰਦ ਕਰ ਦਿਓ ਤੇ ਤਪਦਿਕ ਦੇ ਕੰਟਰੋਲ ਕਰਨ ਵਾਲੇ ਡਾਕਟਰ ਜਾਂ ਨਰਸ ਨਾਲ ਸੰਪਰਕ ਕਰੋ:

- ਚਮੜੀ ਉਤੇ ਖਾਰਸ਼ ਜਾਂ ਧੱਫੜ
- ਅਸਾਧਾਰਣ ਥਕਾਵਟ ਜਾਂ ਕਮਜ਼ੋਰੀ
- ਬੁਖ਼ਾਰ
- ਭੁੱਖ ਨਾ ਲਗਣੀ
- ਜੀ ਕੱਚਾ ਹੋਣਾ (ਉਲਟੀ ਕਰਨ ਦੀ ਉਤੇਜਨਾ)
- ਪੇਟ ਵਿਚ ਗੜਬੜ ਜਾਂ ਮਰੋੜ ਉਠਣੇ
- ਖ਼ਾਕੀ (ਚਾਹਰੰਗਾ) ਪਿਸ਼ਾਬ
- ਚਮੜੀ ਜਾਂ ਅੱਖਾਂ ਦਾ ਪੀਲਾ ਹੋਣਾ

ਜੇ ਤੁਸੀਂ ਆਪਣੇ ਹੱਥ ਜਾਂ ਪੈਰ ਸੁੱਤੇ ਹੋਏ ਜਾਂ ਉਨ੍ਹਾਂ ਵਿਚ ਝਰਨਾਹਟ ਮਹਿਸੂਸ ਕਰਦੇ ਹੋ ਤਾਂ ਆਪਣੇ ਡਾਕਟਰ ਨੂੰ ਇਸ ਬਾਰੇ ਦੱਸੋ। ਹੋ ਸਕਦਾ ਹੈ ਤੁਹਾਨੂੰ ਵਧੇਰੇ **ਪਿਰਿਡਾਕਸਿਨ (ਵਿਟਾਮਨ ਬੀ$_6$)** ਦੀ ਲੋੜ ਹੋਵੇ।

ਜਦੋਂ ਤੁਸੀ ਇਹ ਦੁਆਈਆਂ ਲੈ ਰਹੇ ਹੋਵੋਂ ਤਾਂ ਤੁਹਾਡਾ ਡਾਕਟਰ ਤੁਹਾਨੂੰ ਖ਼ੂਨ ਟੈਸਟ ਕਰਵਾਉਣ ਲਈ ਹਦਾਇਤ ਦੇਵੇਗਾ। **ਇਹ ਬਹੁਤ ਜ਼ਰੂਰੀ ਕਿ ਤੁਸੀਂ ਟੀ.ਬੀ. ਕਲਿਨਿਕ ਤੇ ਆਪਣੀ ਅਪੋਇੰਟਮੈਂਟ ਤੇ ਹਾਜ਼ਰ ਹੁੰਦੇ ਰਹੋਂ ਅਤੇ ਆਪਣੇ ਖ਼ੂਨ ਦੇ ਸਾਰੇ ਟੈਸਟ ਕਰਵਾਉਂਦੇ ਰਹੋਂ**

ਜੇ ਤੁਸੀਂ ਗਰਭਵਤੀ ਹੋ, ਜਾਂ ਹੋਣ ਬਾਰੇ ਸੋਚ ਰਹੇ ਹੋ ਜਾਂ ਆਪਣੇ ਬੱਚੇ ਨੂੰ ਛਾਤੀਆਂ ਚੋਂ ਦੁੱਧ ਪਿਲਾਉਣਾ ਚਾਹੁੰਦੇ ਹੋ ਤਾਂ ਆਪਣੇ ਡਾਕਟਰ ਨੂੰ ਦੱਸ ਦੇਵੇ।

## ਮੈਂ ਆਈਸੋਨਾਯਾਜ਼ਿਡ ਤੇ ਪਿਰਿਡਾਕਸਿਨ (ਵਿਟਾਮਨ ਬੀ$_6$) ਦੀ ਕਿਵੇਂ ਸੰਭਾਲ ਕਰਾਂ?

- ਦੁਆਈ ਦੀਆਂ ਸ਼ੀਸ਼ੀਆਂ ਕੱਸ ਕੇ ਬੰਦ ਕਰੋ ਤੇ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।
- ਠੰਢੀ ਤੇ ਸੁੱਕੀ ਥਾਂ ਤੇ ਰੱਖੋ।
- ਚਾਨਣ ਤੋਂ ਬਚਾ ਕੇ ਰੱਖੋ।

ਬੀ.ਸੀ. ਸੈਂਟਰ ਫ਼ਾਰ ਡਿਜ਼ੀਜ਼ ਕੰਟਰੋਲ
ਟਬਰਕਲੋਸਸ ਕੰਟਰੋਲ
655 W 12th Ave
Vancouver BC  V5Z 4R4

ਵੈਨਕੂਵਰ ਟੀ.ਬੀ. ਕਲਿਨਿਕ
ਟੈਲੀਫ਼ੋਨ: (604) 707-2692
ਫ਼ੈਕਸ: (604) 707-2690

ਨਿਊ ਵੈਸਟਮਿਨਸਟਰ ਟੀ.ਬੀ. ਕਲਿਨਿਕ
ਟੈਲੀਫ਼ੋਨ: (604) 707-2698
ਫ਼ੈਕਸ: (604) 707-2694

www.bccdc.ca

# ਤਪਦਿਕ ਦਾ ਰੋਕਥਾਮ ਨਾਲ ਇਲਾਜ

## ਆਈਸੋਨਾਯਾਜ਼ਿਡ ਅਤੇ ਪਿਰਿਡਾਕਸਿਨ (ਵਿਟਾਮਨ ਬੀ$_6$) ਬਾਰੇ ਸੂਚਨਾ

BC Centre for Disease Control
AN AGENCY OF THE PROVINCIAL HEALTH SERVICES AUTHORITY

Preventive Treatment for Tuberculosis - Punjabi